ਪੁਰਾਤਨ ਹੱਥ ਲਿਖਤ ਬੀੜਾਂ ਅਨੁਸਾਰ ਸ਼ੁਧ ਪਾਠ

# ਮੂਲ ਮੰਤ੍ਰ

## – ਸੰਥਿਆ ਪੋਥੀ –

ਰੰਗੀਨ ਵਿਸ਼ਰਾਮਾਂ ਸਹਿਤ

(ਅਰਧ ਵਿਸ਼ਰਾਮ / ਜਮਕੀ)

ਪ੍ਰਕਾਸ਼ਕ:

ਤੱਤ ਖ਼ਾਲਸਾ ਜੱਥਾ

# ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਨੋਟ:-

- ੧੯੪੫ ਈ. ਵਿੱਚ ਸੋਧੀ ਹੋਈ 'ਸਿੱਖ ਰਹਿਤ ਮਰਯਾਦਾ' ਦੇ ਅਨੁਸਾਰ, ਦੋ ਮੰਤ੍ਰਾਂ ਦਾ ਜ਼ਿਕਰ ਕੀਤਾ ਗਿਆ ਹੈ: ਪਹਿਲਾ 'ਗੁਰਮੰਤ੍ਰ', ਅਤੇ ਦੂਜਾ 'ਮੂਲ ਮੰਤ੍ਰ'। ਮੰਗਲਾ-ਚਰਨ ਦਾ ਅਰਥ ਹੈ ਕਿਸੇ ਲਿਖਤ ਦੇ ਅਰੰਭ ਵਿੱਚ ਆਪਣੇ ਇਸ਼ਟ ਦੀ ਤਾਰੀਫ ਕਰਨੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮੰਗਲਾ-ਚਰਨ ਨਵੇਂ ਰਾਗ, ਜਾਂ ਬਾਣੀ ਦੇ ਅਰੰਭ ਵਿੱਚ ਵਾਹਿਗੁਰੂ ਦੀ ਕੀਤੀ ਗਈ ਸਿਫਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਦੋ ਪ੍ਰਮੁੱਖ ਮੰਗਲ ਹਨ। ਵੱਡਾ ਮੰਗਲ ਹੈ 'ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਅਤੇ ਛੋਟਾ ਮੰਗਲ ਹੈ 'ੴ ਸਤਿ ਗੁਰਪ੍ਰਸਾਦਿ'। 'ਸਿੱਖ ਰਹਿਤ ਮਰਿਆਦਾ' ਦਸਤਾਵੇਜ਼ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿੱਚ ਵੱਡਾ ਮੰਗਲਾ-ਚਰਨ, ਜੋ 'ਜਪੁ' ਦੀ ਬਾਣੀ ਦੇ ਸਿਰਲੇਖ ਤੋਂ ਪਹਿਲਾਂ ਦਰਜ ਹੈ, ਨੂੰ 'ਮੂਲ ਮੰਤ੍ਰ' ਦਰਸਾਇਆ ਹੈ।
- 'ੴ' ਦਾ ਉਚਾਰਨ = 'ਇੱਕ-ਓਅੰਕਾਰ'। ਊੜੇ ਦਾ ਮੂੰਹ ਖੁੱਲਾ, ਹੋੜੇ ਦੀ ਅਵਾਜ਼ ਲੰਬੀ ਜਾਣ ਕੇ, ਲੰਬਾ ਪੂਰਾ ਫਬਾ ਕੇ ਇਕੱਠਾ ਇੱਕ-ਓਅੰਕਾਰ ਬੋਲੋ। 'ਇਕਮਕਾਰ', 'ਏਕਮਕਾਰ' ਜਾਂ 'ਇਕਿਓਅੰਕਾਰ' - ਗ਼ਲਤ ਉਚਾਰਨ ਨਹੀਂ ਕਰਨਾ।
- 'ਸਤਿ' ਦਾ ਉਚਾਰਨ = 'ਸੱਤਿ'
- 'ਪੁਰਖੁ' ਦਾ ਉਚਾਰਨ ਵੇਲੇ ਰਾਰਾ ਮੁਕਤਾ ਸਵਾਰ ਕੇ ਬੋਲੋ।
- 'ਸੈਭੰ' ਦਾ ਉਚਾਰਨ = 'ਸੈ-ਭੰ'। 'ਸੈ' ਕਹਿ ਕੇ ਭੱਬੇ ਦੀ ਟਿੱਪੀ ਨੱਕ 'ਚ ਬੋਲੋ ਜੀ। 'ਸੈਬੰ' ਜਾਂ 'ਸੈਭੰਗ' ਗ਼ਲਤ ਉਚਾਰਨ ਹਨ।
- 'ਪ੍ਰਸਾਦਿ' ਦਾ ਉਚਾਰਨ ਵੇਲੇ ਸੱਸੇ ਪੈਰ ਬਿੰਦੀ ਨਹੀਂ ਬੋਲਣੀ। ਪੱਪੇ ਮਗਰੋਂ ਅੱਧਾ ਰਾਰਾ ਖਿਆਲ ਨਾਲ ਬੋਲੋ।